ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

## ਸਟੀਕ

ਭਾਗ ਦਸਵਾਂ

ਡਾ. ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਦਸਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੨)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਕਰਿ ਚਰਚਾ ਪ੍ਰਭੁ ਕੋ ਪਰਚਾਵੈਂ। ਅਨਿਕ ਜੁਗਤ ਜੁਤਿ ਕਵਿਤ ਸੁਨਾਵੈਂ।
ਬਖਸ਼ਿਸ਼ ਲੇਤਿ ਮਹਾਂ ਮਨ ਭਾਈ। ਰੀਝਹਿਂ ਰਿਦੇ ਗੁਨਨਿ ਅਧਿਕਾਈ॥ ੩੬ ॥

ਚਰਚਾ ਕਰਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਦੇ ਸਨ, ਅਨੇਕ ਜੁਗਤੀਆਂ ਨਾਲ ਬਣਾ ਕੇ ਕਬਿੱਤ ਸੁਣਾਉਂਦੇ ਸਨ। ਗੁਰੂ ਜੀ ਪਾਸੋਂ ਮਹਾਨ ਬਖ਼ਸ਼ੀਸ਼ ਲੈਂਦੇ ਸਨ ਤੇ ਗੁਣਵਾਨਾਂ ਦੇ ਹਿਰਦੇ ਬਹੁਤ ਪ੍ਰਸੰਨ ਹੋ ਜਾਂਦੇ ਸਨ॥੩੬॥

*ਪੰਜਵੀਂ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥*

# *ਅਧਿਆਇ ਸਤਾਈਵਾਂ*

## *ਸੁਖਮਨੀ ਤੇ ਜਪੁ ਮਹਿਮਾ*

*ਦੋਹਰਾ-* ਇਕ ਦਿਨ ਗੁਰ ਕਹਿਂ ਸਭਾ ਮਹਿਂ 'ਸ਼੍ਰੀ ਅਰਜਨ ਕੀ ਰਹਿਤ।
ਕਲਿ ਮਹਿਮਾ ਸੁਖਮਨੀ ਬਹੁ ਜਪੁਜੀ ਮਹਿਮਾਂ ਮਹਿਤ॥ ੧ ॥

ਇਕ ਦਿਨ ਗੁਰੂ ਜੀ ਨੇ ਸਭਾ ਵਿਚ ਕਿਹਾ ਕਿ ਕਲਿਜੁਗ ਵਿਚ "ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਖਮਨੀ ਸਾਹਿਬ ਅਤੇ ਜਪੁਜੀ ਸਾਹਿਬ ਦੀ ਵੱਡੀ ਮਹਿਮਾ ਹੋਵੇਗੀ॥੧॥

ਜਿਨ ਕੇ ਸੇਵਨ ਤੇ ਮਿਟੈਂ ਬਿਘਨ ਕਲੁਖ ਸਮੁਦਾਇ।
ਨਿੱਤ ਪਾਠ ਚਿਤ ਪ੍ਰੀਤ ਤੇ ਅੰਤ ਭਲੀ ਗਤ ਪਾਇ'॥ ੨ ॥

ਜਿਸ ਦਾ ਸਿਮਰਨ ਕਰਨ ਨਾਲ ਸਭ ਪਾਪ ਅਤੇ ਵਿਘਨ ਮਿੱਟ ਜਾਣਗੇ। ਚਿੱਤ ਵਿਚ ਪ੍ਰੀਤ ਧਾਰ ਕੇ ਨਿੱਤ ਪਾਠ ਕਰਨ ਨਾਲ ਅੰਤ ਵਿਚ ਭਲੀ ਗਤੀ ਪ੍ਰਾਪਤ ਕਰੇਗਾ"॥੨॥

ਸੁਨਿ ਕਰਿ ਤਬਿ ਨੰਦਲਾਲ ਇਕ ਪੰਡਤ ਪਿੰਡੀ ਲਾਲ।
ਦੋਨਹੁਂ ਬੂਝਨਿ ਲਗੇ ਸ਼ੁਭ ਮਹਿਮਾ ਜਥਾ ਬਿਸਾਲ॥ ੩ ॥

ਇਹ ਸੁਣ ਕੇ ਭਾਈ ਨੰਦ ਲਾਲ ਤੇ ਇਕ ਪਿੰਡੀ ਲਾਲ ਨਾਮ ਦਾ ਪੰਡਿਤ ਦੋਵੇਂ ਜਿਵੇਂ ਵਿਸ਼ਾਲ ਮਹਿਮਾ ਹੈ, ਗੁਰੂ ਜੀ ਨੂੰ ਇਸ ਬਾਰੇ ਪੁੱਛਣ ਲੱਗੇ॥੩॥

'ਸ਼੍ਰੀ ਅਰਜਨ ਜੀ ਰਚੀ ਏ ਸ਼੍ਰੀ ਨਾਨਕ ਜਪੁ ਕੀਨ।
ਸ਼੍ਰੀ ਮੁਖ ਤੇ ਬਰਨਹੁਂ ਅਬੈ ਜਥਾ ਮਹਾਤਮ ਪੀਨ'॥ ੪ ॥

"ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਤੇ ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਨ੍ਹਾਂ ਬਾਣੀਆਂ ਦਾ ਜੋ ਵੀ ਵੱਡਾ ਮਹਾਤਮ ਹੈ, ਉਹ ਆਪਣੇ ਮੁਖ ਤੋਂ ਵਰਣਨ ਕਰੋ"॥੪॥

*ਚੌਪਈ-* ਇਤਨੇ ਬਿਖੇ ਨੰਦ ਸਿੰਘ ਕਹਿਯੋ। 'ਮਹਾਰਾਜ ਮੈਂ ਅਚਰਜ ਲਹਿਯੋ।
ਬਿਚ ਸਰਾਇ ਕੇ ਇਕ ਸਿਖ ਹੇਰਾ। ਤਿਸ ਮਹਿਂ ਪ੍ਰਵਿਸ਼ਯੋ ਪ੍ਰੇਤ ਬਡੇਰਾ'॥੫॥

ਏਨੇ ਵਿਚ ਨੰਦ ਸਿੰਘ ਨੇ ਕਿਹਾ, "ਮਹਾਰਾਜ ਮੈਂ ਅਸਚਰਜ ਵੇਖਿਆ ਹੈ ਸਰਾਂ ਵਿਚ ਇਕ ਸਿੱਖ ਵੇਖਿਆ ਹੈ, ਉਸ ਵਿਚ ਬਹੁਤ ਵੱਡਾ ਪ੍ਰੇਤ ਪ੍ਰਵੇਸ਼ ਕੀਤਾ ਸੀ"॥੫॥

ਇਤਨੋ ਈ ਪ੍ਰਸਤਾਵ ਚਲਾਏ। ਕਵੀ ਗੁਨੀ ਗਨ ਗੁਰ ਢਿਗ ਆਏ।
ਪਠਨਿ ਸੁਨਨਿ ਕੋ ਪਰਚਾ ਜੋਇ। ਜਿਨਕੇ ਸੰਗ ਕਰੈਂ ਰਸ ਸੋਇ॥ ੬॥

ਏਨਾ ਪ੍ਰਸੰਗ ਚਲ ਹੀ ਰਿਹਾ ਸੀ ਕਿ ਬਹੁਤ ਗੁਣੀ ਕਵੀ ਗੁਰੂ ਜੀ ਪਾਸ ਆਏ। ਪੜ੍ਹਨ ਸੁਣਨ ਵਿਚ ਜਿਹੜੇ ਗੁਰੂ ਜੀ ਦਾ ਦਿਲ-ਪ੍ਰਚਾਵਾ ਕਰਦੇ ਸਨ ਤੇ ਜਿਨ੍ਹਾਂ ਦੇ ਨਾਲ ਗੁਰੂ ਜੀ ਮਿਲ ਕੇ ਰਸ-ਮਈ ਚਰਚਾ ਕਰਦੇ ਸਨ॥੬॥

ਬਿਧੀਚੰਦ, ਪੰਡਤ ਬ੍ਰਿਜਲਾਲ। ਖਾਨਚੰਦ, ਅਰੁ ਚੰਦ ਨਿਹਾਲ।
ਮਾਨਦਾਸ ਬੈਰਾਗੀ ਜੇਵ। ਸੈਨਾਪਤਿ, ਪੰਡਤਿ ਸੁਖਦੇਵ॥ ੭॥

ਬਿਧੀ ਚੰਦ, ਪੰਡਿਤ ਬ੍ਰਿਜਲਾਲ, ਖਾਨ ਚੰਦ ਅਤੇ ਨਿਹਾਲ ਚੰਦ, ਮਾਨਦਾਸ ਬੈਰਾਗੀ, ਸੈਨਾਪਤੀ, ਸੁਖਦੇਵ॥੭॥

ਆਲਮ ਸ਼ਾਹ, ਮਦਨ ਗਿਰ ਆਯੋ। ਬ੍ਰਿੱਖਾ, ਸੁੱਖੂ, ਗੁਨੀਆ ਭਾਯੋ।
ਗੁੱਨਾ, ਅਲੀ ਹੁਸੈਨ ਰੁ ਅੱਲ। ਉਦੇਰਾਵ, ਰਾਵਲ, ਕਵਿ ਬੱਲ॥ ੮॥

ਆਲਮ ਸ਼ਾਹ ਤੇ ਮਦਨ ਪਹਾੜੀ ਆਇਆ, ਬ੍ਰਿੱਖਾ, ਸੁੱਖੂ ਤੇ ਗੁਨੀਆ ਵੀ ਪਹੁੰਚ ਗਏ। ਗੁੱਨਾ, ਅਲੀ ਹੁਸੈਨ ਅੱਲ, ਉਦੇਰਾਵ, ਰਾਵਲ, ਕਵੀ ਬਲ॥੮॥

ਸੁਖੀਆ, ਧਰਮ ਸਿੰਘ ਅਰੁ ਚੰਦਾ। ਬੱਲਭ ਕਵਿ, ਕੁਵਰੇਸ਼ ਬਿਲੰਦਾ।
ਮੱਧੂ, ਲੱਖਾ, ਈਸ਼ੁਰਦਾਸ। ਧਜਾਨ ਸਿੰਘ, ਧੰਨਾ ਸਿੰਘ ਦਾਸ॥ ੯॥

ਸੁਖੀਆ, ਧਰਮ ਸਿੰਘ ਅਤੇ ਚੰਦਾ, ਬੱਲਭ ਕਵੀ, ਵੱਡਾ ਕੁਵਰੇਸ਼ ਕਵੀ, ਮੱਧੂ, ਲੱਖਾ, ਈਸ਼ਰਦਾਸ, ਧਿਆਨ ਸਿੰਘ ਤੇ ਧੰਨਾ ਸਿੰਘ ਸੇਵਕ ਵੀ ਆਏ॥੯॥

ਹੰਸ ਰਾਮ ਆਦਿਕ, ਕਵਿ ਔਰ। ਬਿੱਦਜਾਵੰਤਨਿ ਕੇ ਸਿਰਮੌਰ।
ਪ੍ਰਿਥਕ ਪ੍ਰਿਥਕ ਸਭਿ ਟੇਕਯੋ ਮਾਥਾ। ਬੈਠੇ ਸਭਾ ਦੇਖਿ ਗੁਰ ਨਾਥਾ॥ ੧੦॥

ਹੰਸ ਰਾਮ ਆਦਿਕ ਹੋਰ ਕਵੀ ਸਨ ਜਿਹੜੇ ਸ਼ਿਰੋਮਣੀ ਵਿਦਵਾਨ ਸਨ। ਸਾਰਿਆਂ ਨੇ ਵੱਖ-ਵੱਖ ਤੌਰ 'ਤੇ ਮੱਥਾ ਟੇਕਿਆ ਤੇ ਸਤਿਗੁਰੂ ਜੀ ਨੂੰ ਵੇਖ ਕੇ ਉਹ ਸਭਾ ਵਿਚ ਬੈਠ ਗਏ॥੧੦॥

ਇਨ ਪਸ਼ਚਾਤੀ ਆਇ ਸ਼ਿਤਾਬੀ। ਸੱਦੂ ਮੱਦੂ ਦੌਨ ਰਬਾਬੀ।
ਕਿਰਤਨ ਕਰਨਿ ਲਗੇ ਤਬਿ ਆਏ। ਥਿਰ ਚਿਤ ਜਬਹਿ ਥਿਰੇ ਸਮੁਦਾਏ॥੧੧॥

ਇਨ੍ਹਾਂ ਤੋਂ ਬਾਅਦ ਬੜੀ ਛੇਤੀ ਸੱਦੂ ਮੱਦੂ ਦੋਵੇਂ ਰਬਾਬੀ ਆ ਗਏ। ਤਦ ਉਹ ਆ ਕੇ ਕੀਰਤਨ ਕਰਨ ਲੱਗੇ, ਤਾਂ ਫਿਰ ਸਥਿਰ ਚਿੱਤ ਹੋ ਕੇ ਬੈਠ ਗਏ॥੧੧॥

ਤਬਿ ਸ੍ਰੀ ਮੁਖ ਤੇ ਉੱਤਰ ਕਹਯੋ। 'ਪ੍ਰੇਤ ਲਗਯੋ ਜਿਹ ਸਿਖ ਕੇ ਲਹਯੋ।
ਸੋ ਨਹਿਂ ਪਢਤਿ ਹੋਗ ਜਪੁ ਰਸਨਾ। ਜਿਨਹੁਂ ਕੰਠ ਤਿਨ ਪਰ ਕਛੁ ਬਸ ਨਾ' ॥੧੨॥

ਤਦ ਸਤਿਗੁਰੂ ਜੀ ਨੇ ਉੱਤਰ ਕਿਹਾ, "ਪ੍ਰੇਤ ਲਗਾ ਹੋਇਆ ਜਿਸ ਸਿੱਖ ਦੇ ਤੁਸੀਂ ਵੇਖਿਆ ਹੈ, ਉਹ ਜਪੁਜੀ ਸਾਹਿਬ ਦਾ ਪਾਠ ਨਹੀਂ ਕਰਦਾ ਹੋਵੇਗਾ। ਜਿਨ੍ਹਾਂ ਨੂੰ ਜਪੁਜੀ ਜ਼ਬਾਨੀ ਯਾਦ ਹੁੰਦਾ ਹੈ, ਉਨ੍ਹਾਂ ਉੱਤੇ ਪ੍ਰੇਤਾਂ ਦਾ ਕੋਈ ਵੱਸ ਨਹੀਂ ਚਲਦਾ" ॥੧੨॥

ਨਿਕਟ ਖਾਲਸਾ ਗੁਰ ਬਚ ਸੁਨਿਯੋ। ਬੂਝਨਿ ਕਾਰਨ ਨੀਕੇ ਭਨਿਯੋ।
'ਸ੍ਰੀ ਪ੍ਰਭੁ ਪਾਤਸ਼ਾਹ ਗੁਰ ਸਾਚੇ! ਦਿਹੁ ਬਤਾਇ ਸੰਸੈ ਚਿਤ ਰਾਚੇ॥ ੧੩॥

ਨੇੜੇ ਬੈਠੇ ਖਾਲਸੇ ਨੇ ਗੁਰੂ ਜੀ ਦਾ ਬਚਨ ਸੁਣਿਆ ਤਾਂ ਪੁੱਛਣ ਵਾਸਤੇ ਚੰਗੀ ਤਰ੍ਹਾਂ ਕਿਹਾ, "ਹੇ ਸਤਿਗੁਰੂ ਜੀ ! ਸੱਚੇ ਪਾਤਿਸ਼ਾਹ ਇਸ ਬਾਰੇ ਦੱਸ ਦੇਵੋ ਚਿੱਤ ਵਿਚ ਬੜੇ ਸੰਸੇ ਜੁੜੇ ਹਨ॥੧੩॥

ਲੇਤਿ ਮੁਕਤਿ ਜਪੁ ਪਾਠਕ ਜੋਇ? ਕੈ ਸਰੀਰ ਕੀ ਰੱਛਾ ਹੋਇ?।
ਇਹ ਨਿਰਨੈ ਹਮ ਪਾਵਹਿਂ ਜੈਸੇ। ਸਿੱਖਨ ਹੇਤ ਉਚਾਰਹੁ ਤੈਸੇ'॥ ੧੪॥

ਜਪੁਜੀ ਸਾਹਿਬ ਦਾ ਪਾਠ ਕਰਕੇ ਜਿਹੜੇ ਮੁਕਤੀ ਪ੍ਰਾਪਤ ਕਰਦੇ ਹਨ ਜਾਂ ਸਰੀਰ ਦੀ ਰੱਖਿਆ ਹੁੰਦੀ ਹੈ? ਇਹ ਨਿਰਣੈ ਅਸੀਂ ਜਿਵੇਂ ਪਾਵਾਂਗੇ, ਸਿੱਖਾਂ ਵਾਸਤੇ ਉਸ ਪ੍ਰਕਾਰ ਉਚਾਰਨ ਕਰੋ"॥੧੪॥

ਸ੍ਰੀ ਮੁਖ ਤੇ ਫੁਰਮਾਵਨ ਕੀਨ। 'ਅੰਮ੍ਰਿਤ ਫਲ ਕਿਸਹੂੰ ਕਰ ਲੀਨ।
ਜੋ ਅਚਿ ਲੇਹ ਅਮਰ ਹੁਇ ਜਾਇ। ਭੂਖ ਤ੍ਰਿਖਾ ਭੀ ਦੁਖ ਬਿਨਸਾਇ॥ ੧੫॥

ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਨ ਕੀਤਾ, "ਜੇ ਅੰਮ੍ਰਿਤ ਫਲ ਕਿਸੇ ਨੇ ਹੱਥ ਵਿਚ ਲਿਆ ਹੈ, ਜਿਹੜਾ ਇਸ ਨੂੰ ਖਾ ਲੈਂਦਾ ਹੈ, ਉਹ ਅਮਰ ਹੋ ਜਾਂਦਾ ਹੈ, ਭੁੱਖੇ ਪਿਆਸੇ ਦੇ ਵੀ ਦੁੱਖ ਦੂਰ ਹੋ ਜਾਂਦੇ ਹਨ॥੧੫॥

ਅੰਮ੍ਰਿਤ ਫਲ ਜਿਮ ਦੋਨੋਂ ਕਰੇ। ਤਥਾ ਸ਼ਕਤਿ ਜਪੁਜੀ ਜੁਗ ਧਰੇ।
ਤਨ ਕੀ ਰੱਛਾ ਮੁਕਤਿ ਪਦਾਰਥ। ਦੇ ਦੋਨੋਂ ਕੋ ਸਦਾ ਸਕਾਰਥ'॥ ੧੬॥

ਅੰਮ੍ਰਿਤ ਫਲ ਜਿਵੇਂ ਦੋਵੇਂ ਕੰਮ ਕਰਦਾ ਹੈ, ਅਮਰ ਵੀ ਤੇ ਭੁੱਖ-ਪਿਆਸ ਦਾ ਵੀ ਨਾਸ਼ ਹੁੰਦਾ ਹੈ, ਇਸ ਪ੍ਰਕਾਰ ਦੀਆਂ ਦੋ ਸ਼ਕਤੀਆਂ ਜਪੁਜੀ ਸਾਹਿਬ ਵਿਚ ਵੀ ਹਨ। ਤਨ ਦੀ ਰੱਖਿਆ ਹੁੰਦੀ ਹੈ ਤੇ ਮੁਕਤੀ ਪਦ ਵੀ ਪ੍ਰਾਪਤ ਹੁੰਦਾ ਹੈ। ਇਹ ਸਦਾ ਦੋਵੇਂ ਫਲ ਦਿੰਦਾ ਹੈ"॥੧੬॥

ਸੁਨਿ ਕਰਿ ਤਬਿ ਪੰਡਤਿ ਬ੍ਰਿਜਲਾਲ। ਬਿਨਤੀ ਕਰਤਿ ਭਯੋ ਤਿਸ ਕਾਲ।
'ਪਾਤਿਸ਼ਾਹੁ ਸੁਨਿ ਮੇਰੀ ਬਾਤ। ਇਕ ਦਿਨ ਸੁਪਨੇ ਮਹਿਂ ਬਿੱਖਜਾਤ॥ ੧੭॥

ਇਹ ਸੁਣ ਕੇ ਤਦ ਪੰਡਿਤ ਬ੍ਰਿਜਲਾਲ, ਉਸ ਸਮੇਂ ਬੇਨਤੀ ਕਰਨ ਲੱਗਾ। "ਸੱਚੇ ਪਾਤਿਸ਼ਾਹ ! ਮੇਰੀ ਗੱਲ ਸੁਣੋ, ਇਕ ਦਿਨ ਸੁਪਨੇ ਵਿਚ ਪ੍ਰਗਟ ਰੂਪ ਵਿਚ ਮੈਂ॥੧੭॥

ਸ੍ਰੀ ਨਾਨਕ ਕੋ ਦਰਸ਼ਨ ਕੀਨੋ। ਜਨਮ ਕ੍ਰਿਤਾਰਥ ਮੈਂ ਨਿਜ ਚੀਨੋ।
ਪਰਮ ਅਰਥ ਜਪੁਜੀ ਕੋ ਹੋਇ। ਮੈਂ ਭੀ ਸੁਨਜੋ, ਸੁਨਾਵੌਂ ਸੋਇ॥ ੧੮॥

ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ, ਮੈਂ ਹੁਣ ਆਪਣਾ ਜਨਮ ਕ੍ਰਿਤਾਰਥ ਹੋਇਆ ਜਾਣਿਆ ਹੈ। ਪਰਮ ਅਰਥ ਜਪੁਜੀ ਦਾ ਹੋਇਆ ਹੈ, ਜੋ ਮੈਂ ਸੁਣਿਆ ਸੀ, ਉਹ ਮੈਂ ਸੁਣਾਉਣਾ ਚਾਹੁੰਦਾ ਹਾਂ॥੧੮॥

ਕਰਜੋ ਸ਼ਲੋਕ ਸੁਨਾਵਨ ਚਹੌਂ। ਤਹਿਂ ਤੇ ਸੁਨਿ ਜੇਤਿਕ ਮੈਂ ਲਹੌਂ'।
ਸਤਿਗੁਰ ਤਬੈ ਉਚਾਰਨ ਕੀਨੋ। 'ਗੁਰ ਘਰ ਕੋ ਪੰਡਤ ਮਤ ਪੀਨੋ॥ ੧੯॥

ਜੋ ਸਲੋਕ ਮੈਂ ਰਚਿਆ ਸੀ, ਉਹ ਸੁਣਾਉਣਾ ਚਾਹੁੰਦਾ ਹਾਂ, ਜਿਤਨਾ ਕੁ ਮੈਂ ਸਮਝਿਆ ਹੈ।" ਸਤਿਗੁਰੂ ਜੀ ਨੇ ਫਿਰ ਉਚਾਰਨ ਕੀਤਾ, "ਤੂੰ ਗੁਰੂ ਘਰ ਦਾ ਪੰਡਿਤ ਹੈਂ ਤੇਰੀ ਵਿਸ਼ਾਲ ਬੁੱਧੀ ਹੈ॥੧੯॥

ਗੁਰ ਮਹਿਂ ਤੁਵ ਪ੍ਰਤੀਤ ਹੈ ਭਾਰੀ। ਸੁਨਜੋ ਜਥਾ ਅਬਿ ਕਰਹੁ ਉਚਾਰੀ'।
ਸੁਨਿ ਕਲਗੀਧਰ ਤੇ ਦਿਜਬਰ ਤਬਿ। ਕਰਜੋ ਸੁਨਾਵਨ ਆਸ਼ੈ ਨਿਜ ਸਬਿ॥੨੦॥

ਗੁਰੂ ਜੀ ਵਿਚ ਤੁਹਾਡਾ ਵੱਡਾ ਭਰੋਸਾ ਹੈ, ਜਿਵੇਂ ਸੁਣਿਆ ਹੈ ਹੁਣ ਉਸ ਤਰ੍ਹਾਂ ਉਚਾਰਨ ਕਰੋ।" ਬ੍ਰਾਹਮਣ ਨੇ ਸਤਿਗੁਰੂ ਜੀ ਪਾਸੋਂ ਸੁਣ ਕੇ ਆਪਣੇ ਆਸ਼ੇ ਵਾਲਾ ਸਲੋਕ ਸੁਣਾਇਆ॥੨੦॥

*ਸਲੋਕ॥ ਹਰਿ ਸ਼ਤ੍ਰੂਨਿ ਮਮ ਗ੍ਰਿਹੇ ਦਿਵਾਰਾ ਤ੍ਰੋਹਿ ਦੁਖ ਦਾਨਿ।*
*ਤ੍ਰਾਹਿ ਮਾਂ ਦ੍ਰਸ਼ਜ ਗੁਰੋ ਸ੍ਰਪਨ ਸਲੋਕੋ ਕਿਤ ਰੁਕਤਵਾਨ੍॥ ੧॥*

ਹੇ ਗੁਰੂ ਜੀ ! ਮੇਰੇ ਘਰ ਵਿਚੋਂ ਰਾਤੀਂ ਤੇ ਦਿਨੇ ਦੁੱਖ ਦੇਣ ਵਾਲੇ ਵੈਰੀਆਂ ਨੂੰ ਦੂਰ ਕਰਕੇ ਰੱਖਿਆ ਕਰੋ ਤੇ ਮੈਨੂੰ ਦਿਖਾਵੋ ਆਪਣਾ ਦਰਸ਼ਨ, ਇਸ ਪ੍ਰਕਾਰ ਪ੍ਰਾਰਥਨਾ ਕਰਨ 'ਤੇ ਗੁਰੂ ਜੀ ਨੇ ਸੁਪਨੇ ਵਿਚ ਸ਼ਲੋਕ ਰੂਪ ਬਚਨ ਕਿਹਾ॥੧॥

*ਚੌਪਈ-* **ਇਮ ਪੜਿਓ ਪੰਡਤ ਬ੍ਰਿਜਲਾਲ। ਪੁਨ ਬੋਲਜੋ ਸੰਗਤ ਕੇ ਨਾਲ।**
**'ਸ਼੍ਰੀ ਨਾਨਕ ਗੁਰ ਅਰਜਨ ਜੋਊ। ਸ੍ਰਪਨ ਬਿਖੈ ਦਰਸੇ ਤਬਿ ਦੋਊ॥੨੧॥**

ਇਸ ਪ੍ਰਕਾਰ ਪੰਡਿਤ ਬ੍ਰਿਜ ਲਾਲ ਨੇ ਪੜ੍ਹਿਆ, ਫਿਰ ਸੰਗਤ ਦੇ ਨਾਲ ਬੋਲਿਆ, "ਸ੍ਰੀ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ, ਸੁਪਨੇ ਵਿਚ ਤਦ ਦੋਹਾਂ ਦੇ ਦਰਸ਼ਨ ਹੋਏ॥੨੧॥

**ਤਹਾਂ ਸੁਨਜੋਂ ਸੋ ਕਰਹੁ ਸੁਨਾਵਨਿ। ਸੁਨਹੁ ਭਲੇ ਸ਼ੁਭ ਚਰਚਾ ਪਾਵਨ।**
**ਮਹਿੰਮਾ ਗੁਰ ਬਚ ਅਰ ਗੁਰ ਕੇਰੀ। ਕਹੈ ਕੌਨ ਜੋ ਬਡਿਹੁ ਬਡੇਰੀ॥੨੨॥**

ਜਿਹੜਾ ਉਥੇ ਸੁਣਿਆ ਹੈ, ਉਸ ਨੂੰ ਸੁਣਾਉਂਦਾ ਹਾਂ, ਭਲੀ ਪ੍ਰਕਾਰ ਸੁਣੋ ਤਾਂਕਿ ਪਵਿੱਤਰ ਸ਼ੁਭ ਕਥਨ ਪ੍ਰਾਪਤ ਹੋਵੇ ਗੁਰੂ ਜੀ ਦੇ ਬਚਨਾਂ ਅਤੇ ਗੁਰੂ ਜੀ ਦੀ ਵਡਿਆਈ ਕੌਣ ਕਹਿ ਸਕਦਾ ਹੈ, ਜਿਹੜੀ ਵੱਡੀ ਤੋਂ ਵੱਡੀ ਹੈ॥੨੨॥

*ਸਲੋਕ॥ ਮੋਕਸ਼ੇ ਚ ਪ੍ਰਾਣੇ ਗੁਣੇ ਦ੍ਰਵਜ ਲਾਭੇ ਭਰਮੇ ਵਿਰਕਤੋ ਸੁਰ ਸੇਵਨੇ ਵਾ।*
*ਯੋਖਿਤ ਸੁਦਾਸੇ ਸਤ ਪੁੱਤ੍ਰ ਯਾਨੇ ਸੰਗ੍ਰਹਿ ਸੁਭਾਵੇ ਰਿਸ਼ਟੋ ਪਰਮੋਦੇ।*
*ਮਨੋ ਨਿਰੋਧੇ ਯੁਧਿਜ ਸਤ੍ਰਿ ਪ੍ਰਗ੍ਰਹੇ ਧਰਮੇਚ ਨੀਤੌ ਦਾਨੇ ਗੁਣਾ ਕਰੇ।*
*ਏਤੇ ਖੁ ਕੁਰਯਾਤਿ ਸਤਿਨਾਮ ਬਾਣਿ ਮੋ ਕਾਰਿ ਮਾਦੌ ਕਲਿਸ ਦਧਾਨ॥੨॥*

ਮੁਕਤੀ ਵਿਚ, ਪ੍ਰਾਣਾਂ ਦੀ ਰੱਖਿਆ ਵਿਚ, ਗੁਣ ਤੇ ਧਨ ਦੇ ਲਾਭ ਵਿਚ, ਧਰਮ ਵਿਚ, ਉਦਾਸੀ ਵਿਚ, ਦੇਵਤਾ ਦੀ ਪੂਜਾ ਕਰਨ ਵਿਚ, ਆਗਿਆਕਾਰ ਸ੍ਰੇਸ਼ਟ ਇਸਤਰੀ ਵਿਆਹੁਣ ਵਿਚ, ਸ੍ਰੇਸ਼ਟ ਪੁੱਤਰ ਦੇ ਪ੍ਰਾਪਤ ਕਰਨ ਵਿਚ, ਮਨ ਰੋਕਣ ਵਿਚ, ਯੁੱਧ ਵਿਚ ਅਸਤਰ ਫੜਨ ਦੇ ਵਿਚ, ਵਸੀਕਾਰ ਕਰਨ ਵਿਚ, ਧਰਮ ਰਾਜਨੀਤੀ ਵਿਚ, ਦਾਨ ਵਿਚ, ਗੁਣਾਂ ਦੇ ਖਜ਼ਾਨੇ ਭਾਵ ਗੁਣ ਇਕੱਠੇ ਕਰਨ ਵਿਚ, ਇਨ੍ਹਾਂ ਸਾਰਿਆਂ ਵਿਚ ਸਤਿਨਾਮ ਬਾਣੀ ਜਿਸਦੇ ਆਦਿ ਓਅੰਕਾਰ ਹੈ, ਕਲਿਜੁਗ ਵਿਚ ਧਾਰਨ ਕਰੇ॥੨॥

*ਚੌਪਈ-* **ਸੁਨਿਕੈ ਸੰਗਤਿ ਬਹੁਰ ਸੁਨਾਯੋ। 'ਸੁਪਨੇ ਮਹਿਂ ਸਲੋਕ ਸਿਖ ਆਯੋ।**
**ਭਾਵ ਅਰਥ ਇਸਕੋ ਸਮੁਝਾਵੋ। ਕਹਿ ਸ਼੍ਰੀ ਮੁਖ ਤੇ ਆਪ ਸੁਨਾਵੋ' ॥੨੩॥**

ਸਲੋਕ ਸੁਣ ਕੇ ਫਿਰ ਸੰਗਤ ਨੇ ਕਿਹਾ, "ਸੁਪਨੇ ਵਿਚ ਇਕ ਸਿੱਖ ਨੂੰ ਸਲੋਕ ਆਇਆ ਹੈ, ਇਸ ਦਾ ਭਾਵ ਅਰਥ ਸਮਝਾਵੋ। ਸਤਿਗੁਰੂ ਜੀ ਇਸ ਨੂੰ ਆਪਣੇ ਮੁਖਾਰਬਿੰਦ ਤੋਂ ਸੁਣਾਵੋ"॥੨੩॥

**ਸੁਨਿ ਕਲਗੀਧਰ ਉਚਰਜੋ ਨੀਕੋ। 'ਜਾਨਹੁ ਪਰਮਮੰਤ੍ਰ ਜਪੁਜੀ ਕੋ।**
**ਅਹੈਂ ਮਾਨਸੀ ਪੰਚੀ ਅੱਛਰ। ਬਾਂਛਤਿ ਦੇ ਸਿਮਰਜੋ ਜਿਨ ਰਿਦ ਧਰਿ' ॥੨੪॥**

ਇਹ ਸੁਣ ਕੇ ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਉਚਾਰਨ ਕੀਤਾ, "ਜਪੁਜੀ ਨੂੰ ਸ਼ਿਰੋਮਣੀ ਮੰਤਰ ਸਮਝੋ। ਇਕ ਪੰਝੀ ਅੱਖਰ (੧ਓ ਤੋਂ ਲੈ ਕੇ ਅਕਾਲ ਮੂਰਤਿ ਤੱਕ) ਮਨ ਨਾਲ ਜਪੇ ਜਾਣ ਵਾਲੇ ਹਨ, ਇਹ ਮੰਤਰ ਮੂੰਹ ਮੰਗੀ ਮੁਰਾਦ ਨੂੰ ਦੇਣ ਵਾਲਾ ਹੈ, ਜਿਹੜੇ ਇਸ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਕੇ ਸਿਮਰਦੇ ਹਨ"॥੨੪॥

**ਤਿਸ ਕੋ ਅਰਥ ਕਰਜੋ ਗੁਰਦਜਾਲ। ਹਿਤ ਸਿੱਖਨਿ ਕੇ ਕਰਨ ਨਿਹਾਲ।**
**'ਬਰਨ ਪਚੀਹ ਅਜੱਪਾ ਜਪੈ। ਕੈ ਰਸਨਾ ਰਸ ਤੇ ਮਨ ਰਪੈ॥ ੨੫॥**

ਦਿਆਲੂ ਸਤਿਗੁਰੂ ਜੀ ਨੇ ਉਸ ਦੇ ਅਰਥ ਕੀਤੇ, ਸਿੱਖਾਂ ਨੂੰ ਉਹ ਨਿਹਾਲ ਕਰਨਾ ਚਾਹੁੰਦੇ ਸਨ। ਇਨ੍ਹਾਂ ਪੰਝੀ ਅੱਖਰਾਂ ਦਾ ਅਜਪਾ ਜਾਪ ਕਰੇ, ਭਾਵ ਮਨ ਵਿਚ ਜਪੇ ਜਾਂ ਰਸਨਾ ਨਾਲ ਜਪੇ ਤੇ ਮਨ ਰਸ ਵਿਚ ਰਚਿਆ ਰਹੇ॥੨੫॥

**ਤਿਸ ਤੇ ਦੂਖਨ, ਦੁਖ, ਰੁਜ ਤੀਨ। ਬਾਤ ਪਿੱਤ ਕਫ ਕਰਤਾ ਹੀਨ।**
**ਮੁਕਤਿ ਜੁਗਤਿ ਉੱਤਮ ਪਦ ਪਾਵੈ। ਸੁਖੀ ਹੋਇ ਨਹਿਂ ਅਵਗਤਿ ਜਾਵੈ॥੨੬॥**

ਤਿਸ ਦੇ ਤਿੰਨ ਤਰ੍ਹਾਂ ਦੇ ਦੂਖਨ ਹਨ (ਮਨ ਦੇ, ਬਾਣੀ ਦੇ, ਸਰੀਰ ਦੇ) ਤਿੰਨ ਤਰ੍ਹਾਂ ਦੇ ਦੁੱਖ ਹਨ (ਆਧਿ, ਬਿਆਧਿ, ਉਪਾਧਿ) ਤਿੰਨ ਤਰ੍ਹਾਂ ਦੇ ਰੋਗ ਹਨ (ਵਾਤ, ਪਿਤ, ਕਫ) ਅਤੇ ਵਾਤ, ਪਿੱਤ ਤੇ ਕਫ ਦੇ ਵਿਗਾੜ ਨੂੰ ਖਤਮ ਕਰਨ ਹਾਰੇ ਹਨ। ਮੁਕਤੀ, ਜੁਗਤੀ ਤੇ ਉੱਤਮ ਪਦਵੀ ਪ੍ਰਾਪਤ ਹੁੰਦੀ ਹੈ, ਸੁਖੀ ਰਹਿੰਦਾ ਹੈ ਤੇ ਅਬਗਤਿ ਨਹੀਂ ਜਾਂਦਾ ਹੈ॥੨੬॥

**ਜੇ ਭੋਜਨ ਪਰ ਕਰਹਿ ਉਚਾਰਨਿ। ਵਧੈ ਰਿਧਿ ਹੁਇ ਅੰਨ ਬਿਕਾਰ ਨ।**
**ਸੁਖ ਸੌਂ ਪਚਹਿ, ਨ ਰੁਜ ਉਪਜਾਵੈ। ਕਾਲ ਰਹਿਤ ਹੁਇ ਦੋਖ ਮਿਟਾਵੈ॥੨੭॥**

ਜੇ ਇਹ ਪੰਝੀ ਅੱਖਰ ਭੋਜਨ ਉੱਤੇ ਉਚਾਰਨ ਕਰੇ ਤਾਂ ਰਿੱਧੀਆਂ ਸਿੱਧੀਆਂ ਵਧਦੀਆਂ ਹਨ ਤੇ ਅਨਾਜ ਬਿਕਾਰ ਨਹੀਂ ਜਾਂਦਾ ਹੈ, ਸੁਖ ਸਹਿਤ ਭੋਜਨ ਪਚੇਗਾ ਤੇ ਵਾਤ, ਪਿੱਤ ਅਤੇ ਕਫ ਪੈਦਾ ਨਹੀਂ ਹੋਣਗੇ, ਕਾਲ ਰਹਿਤ ਹੋ ਕੇ ਸਾਰੇ ਦੋਖ ਮਿੱਟ ਜਾਣਗੇ, ਭਾਵ ਲੰਮੀ ਉਮਰ ਵਾਲਾ ਹੋਵੇਗਾ ਤੇ ਅਰੋਗ ਰਹੇਗਾ॥੨੭॥

**ਦਰਬ ਲਾਭ ਮਹਿਂ, ਧਰਮ ਮਝਾਰਾ। ਬੀਚ ਉਦਾਸੀ ਕੇ ਸੁਖਕਾਰਾ।**
**ਇਸਤ੍ਰੀ ਬਜਾਹਨਿ, ਸੁਤ ਉਪਜੰਤੇ। ਦੇਸ਼ ਬਿਦੇਸ਼ਨ ਕੋ ਗਮਨੰਤੇ॥ ੨੮॥**

ਧਨ ਲਾਭ ਵਿਚ, ਧਰਮ ਵਿਚ ਤੇ ਉਦਾਸੀ ਵਿਚ ਵੀ ਸੁਖਦਾਇਕ ਹੈ। ਇਸਤਰੀ ਵਿਆਹੁਣ, ਪੁੱਤਰ ਪੈਦਾ ਹੋਣ, ਦੇਸ਼ਾਂ ਵਿਦੇਸ਼ਾਂ ਦੀ ਯਾਤਰਾ ਵਿਚ ਵੀ ਸੁਖਕਾਰੀ ਹੋਵੇਗਾ॥੨੮॥

**ਜੁੱਧ ਚਢਨਿ ਨਹਿਂ ਸ਼ਸਤ੍ਰ ਪ੍ਰਹਾਰਨਿ। ਹੋਨਿ ਅਰੂਢਨਿ ਬਾਜੀ ਬਾਰਨ।**
**ਸੁਰ ਪੂਜਨ ਮਹਿਂ ਮੋਹਨ ਕਰਨ। ਸਿਮਰਨਿ ਕਰਿ ਹੈ ਪਚੀਹ ਬਰਨ॥ ੨੯॥**

ਯੁੱਧ ਲਈ ਚੜ੍ਹਾਈ ਕਰਨ 'ਤੇ ਸ਼ਸਤਰਾਂ ਦਾ ਵਾਰ ਨਹੀਂ ਹੋਵੇਗਾ, ਹਾਥੀ ਘੋੜਿਆਂ ਦੀ ਸਵਾਰੀ ਕਰਨ ਸਮੇਂ ਵੀ ਸੁਖਦਾਈ ਹੋਵੇਗਾ। ਦੇਵਤਿਆਂ ਦੀ ਪੂਜਾ ਕਰਨ, ਵਸੀਕਰਨ ਵਿਚ ਵੀ ਇਨ੍ਹਾਂ ਪੰਝੀ ਅੱਖਰਾਂ ਦਾ ਸਿਮਰਨ ਕਰੇ॥੨੯॥

**ਸਦਨ ਪ੍ਰਵੇਸ਼ਨਿ, ਬਾਹਰ ਜਾਨ। ਇੱਤਜਾਦਿਕ ਜੇ ਕਾਜ ਮਹਾਨ।**
**ਮਸਤਕ ਨੰਮ੍ਰਿ ਕਰਹਿ ਗੁਰ ਆਗੇ। ਦ੍ਰਿੜ ਪ੍ਰਤੀਤ ਕਰਿ ਸਿਮਰਨ ਲਾਗੇ॥੩੦॥**

ਨਵੇਂ ਘਰ ਵਿਚ ਪ੍ਰਵੇਸ਼ ਕਰਨ, ਬਾਹਰ ਜਾਣਾ, ਇਸ ਪ੍ਰਕਾਰ ਦੇ ਜਿਹੜੇ ਮਹਾਨ ਕਾਰਜ ਹਨ, ਗੁਰੂ ਜੀ ਅੱਗੇ ਸਨਿਮਰ ਹੋ ਕੇ ਮੱਥਾ ਟੇਕੇ ਤੇ ਦ੍ਰਿੜ੍ਹ ਪ੍ਰਤੀਤ ਕਰ ਕੇ ਸਿਮਰਨ ਵਿਚ ਲੱਗ ਜਾਵੇ॥੩੦॥

**ਦੇ ਦਸਵੰਧ ਗੁਰੂ ਕੋ ਸਿੱਖ। ਕਰਨ ਕਰਾਹ ਕਰਹਿ ਸੁ ਭਵਿੱਖ।**
**ਦਾਨ ਦੇਨਿ ਲੇਨੇ ਮਹਿਂ ਪ੍ਰਾਹਿ। ਅਤਿ ਸੁਭਾਵ ਕੀ ਪਲਟਨ ਮਾਂਹਿ॥ ੩੧॥**

ਸਿੱਖ ਆਪਣੇ ਗੁਰੂ ਜੀ ਨੂੰ ਦਸਵੰਧ ਦੇਵੇ, ਕਹੇ ਕਿ ਅੱਗੇ ਨੂੰ ਮੈਂ ਕੜਾਹ ਕਰਾਵਾਂਗਾ ਐਸੀ ਸੁੱਖਣਾ ਸੁੱਖੇ। ਦਾਨ ਦੇਣ, ਲੈਣ ਸਮੇਂ ਵੀ ਜਾਪ ਕਰੇ। ਆਪਣਾ ਭੈੜਾ ਸੁਭਾਵ ਬਦਲਣ ਵਾਸਤੇ ਵੀ ਜਾਪ ਕਰੇ॥੩੧॥

**ਭੂਤ, ਕਿ ਪ੍ਰੇਤ, ਡਾਕਨੀ ਡੀਠਿ। ਸਹਿਤ ਪ੍ਰਤੀਤ ਪਠਹਿ ਦਿਢ ਨੀਠ।**
**ਸੁਪਨੇ ਮਹਿਂ ਸ੍ਰੀ ਅਰਜਨ ਕਹਜੋ। ਦਿਜ ਬ੍ਰਿਜਲਾਲ ਸੁ ਪੰਡਿਤ ਲਹਜੋ' ॥੩੨॥**

ਭੂਤ, ਪ੍ਰੇਤ ਅਤੇ ਚੁੜੇਲ ਦੀ ਨਜ਼ਰ ਲੱਗਣ 'ਤੇ ਪ੍ਰਤੀਤ ਸਹਿਤ ਚੰਗੀ ਤਰ੍ਹਾਂ ਜਾਪ ਕਰੇ। ਸੁਪਨੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਤੇ ਪੰਡਿਤ ਬ੍ਰਿਜ ਲਾਲ ਨੇ ਸੁਣਿਆ ਸੀ'' ॥੩੨॥

*ਨੋਟ : ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਮੰਤਰ ਤਾਂ ਇਕ ਅ... ਨੂੰ ਨਿਰੂਪਨ ਕਰ ਰਿਹਾ ਹੈ ਤੇ ਇਸ ਦੇ ਜਾਪ ਨੇ ਇਕ ਅਕਾਲ ਪੁਰਖ ਦੀ ਪ੍ਰਾਪਤੀ ਕਰਵਾਉਣੀ ਹੈ। ਗੁਰੂ ਅਰਜਨ ਦੇਵ ਤੇ ਦਸਮੇਂ ... ਜੀ ਨੇ ਇਸ ਮੰਤਰ ਨੂੰ ਦੇਵਤਿਆਂ ਦੀ ਸੇਵਾ ਤੇ ਮੋਹਨ ਵਸੀਕਰ ਆਦਿ ਲਈ ਕਿਉਂ ਦੱਸਣਾ ਸੀ? ਇਹ ਸੌ ਸਾਖੀ ਵਿਚ ਮਿਲਾਵਟ ... ਵਾਲਾ ਮੱਲੋ ਮੱਲੀ ਅਜਿਹਾ ਸਿਧਾਂਤ ਪਾ ਰਿਹਾ ਜਾਪਦਾ ਹੈ।*

**ਦਸਮੇ ਪਾਤਸ਼ਾਹੁ ਗੁਰ ਸਾਚੇ। ਲਿਖਵਾਏ ਸ੍ਰੀ ਬਚਨ ਉਬਾਚੇ।**
**ਆਗੇ ਲਾਗੇ ਲਿਖਨਿ ਲਿਖਾਰੀ। ਜਿਮ ਮਹਿੰਮਾ ਬਿਧਿ ਸਹਿਤ ਉਚਾਰੀ॥੩੩॥**

ਸੱਚੇ ਗੁਰੂ ਦਸਮ ਪਾਤਿਸ਼ਾਹ ਜੀ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਲਿਖਵਾਏ। ਅੱਗੇ ਲਿਖਾਰੀ ਲਿਖਣ ਲੱਗਾ, ਜਿਵੇਂ ਮਹਿਮਾ ਵਿਧੀ ਅਨੁਸਾਰ ਉਚਾਰਨ ਕੀਤੀ ਸੀ॥੩੩॥

*ਦੋਹਰਾ-* **'ਚਲਨ ਸਮੈ, ਸੰਗ੍ਰਹਿਣ ਮਹਿਂ, ਦਾਨ ਦੇਨਿ ਔ ਲੇਨਿ।**
**ਅਤਿ ਸੁਭਾਵ ਕੀ ਪਲਟ ਮਹਿਂ, ਭੂਤ ਡਾਕਨੀ ਸੇਨ॥ ੩੪॥**

"ਚਲਣ ਸਮੇਂ, ਸ਼ੁਭ ਗੁਣਾਂ ਦੇ ਸੰਗ੍ਰਹਿ ਕਰਨ ਸਮੇਂ, ਦਾਨ ਦੇਣ ਅਤੇ ਲੈਣ ਸਮੇਂ, ਮਾੜੇ ਸੁਭਾਵ ਨੂੰ ਬਦਲਣ ਵਾਸਤੇ, ਭੂਤਾਂ ਪ੍ਰੇਤਾਂ ਦੀ ਨਜ਼ਰ ਲਗਣ ਸਮੇਂ, ਇਸ ਮੰਤਰ ਦਾ ਜਾਪ ਕਰੇ॥੩੪॥

**ਮਨ ਜੀਤਨ, ਰਣ ਮਹਿਂ ਧਰਾ ਰਾਜ ਕਾਜ ਸੁਖਵਾਹਿ।**
**ਮਿਲਨੇ ਗਿਲਨੇ ਬੰਧੁ ਮਹਿਂ ਰਾਜ ਜੋਗ ਉਤਸਾਹਿ॥ ੩੫॥**

ਮਨ ਨੂੰ ਜਿੱਤਣ ਵਾਸਤੇ, ਯੁੱਧ ਵਿਚ ਸ਼ਸਤਰ ਧਾਰਨ ਸਮੇਂ, ਰਾਜ ਕਾਜ ਦੇ ਸੁੱਖਾਂ ਵਾਸਤੇ, ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਤੇ ਰਾਜ ਜੋਗ ਦੇ ਉਤਸ਼ਾਹ ਵਾਸਤੇ ਇਸ ਮੰਤਰ ਦਾ ਜਾਪ ਕਰੇ॥੩੫॥

**ਇਨ ਕਾਰਜ ਕੀ ਅਟਕ ਮਹਿਂ ਪੰਚ ਪਚੀਸਾ ਜਾਪ।**
**ਛੱਤੀ ਅਠਤੀ ਜਾਪ ਕਰਿ ਲਾਖ ਅਰਧ ਤੇ ਲਾਖ॥ ੩੬॥**

ਇਨ੍ਹਾਂ ਕਾਰਜਾਂ ਦੇ ਰੁੱਕ ਜਾਣ ਵਿਚ ਇਨ੍ਹਾਂ ਪੰਝੀ ਅੱਖਰਾਂ ਦਾ ਜਾਪ ਕਰੇ। ਪੰਝੀ ਅੱਖਰਾ ਮੰਤਰ ਜੋ ਮੂਰਤਿ ਤੱਕ ਹੈ ਅਤੇ ਛੱਤੀ ਅੱਖਰਾ ਮੰਤਰ ਜੋ ਪ੍ਰਸ਼ਾਦਿ ਤੱਕ ਹੈ ਅਤੇ ਅਠੱਤੀ ਅੱਖਰਾਂ ਦਾ ਮੰਤਰ ਜੋ ਜਪੁ ਤੱਕ ਮੰਨਿਆ ਹਨ, ਇਸ ਦਾ ਅੱਧ ਲੱਖ ਤੇ ਲੱਖ ਵਾਰ ਜਾਪ ਕਰੋ॥੩੬॥

**ਬਰਣ ਪੰਚ ਪੰਚੀਸ ਕੈ ਅਥਵਾ ਛੱਤੀ ਹੋਇ।**
**ਜਪ ਹਜ਼ਾਰ ਸਮ ਵਰਣ ਕੇ ਪਾਠ ਕਰਹਿ ਨਰ ਜੋਇ॥ ੩੭॥**

ਪੰਜ, ਪੰਝੀ ਜਾਂ ਛੱਤੀ ਅੱਖਰਾ ਕੋਈ ਵੀ ਮੰਤਰ ਹੋਵੇ, ਅੱਖਰਾਂ ਅਨੁਸਾਰ ਓਨੇ ਹਜ਼ਾਰ ਜਪੇ ਭਾਵ ਪੰਜ ਅੱਖਰਾਂ ਵਾਲਾ ਮੰਤਰ ਪੰਜ ਹਜ਼ਾਰ ਵਾਰ, ਪੰਝੀ ਅੱਖਰਾ, ਪੰਝੀ ਹਜ਼ਾਰ ਵਾਰ ਅਤੇ ਛੱਤੀ ਅੱਖਰਾ ਛੱਤੀ ਹਜ਼ਾਰ ਵਾਰ ਪੜ੍ਹੇ॥੩੭॥

**ਕਰੈ ਹੋਮ ਗੁਰਮੰਤ੍ਰ ਕੋ ਸਕਲ ਬਿਘਨ ਦੇ ਖਾਪ।**
**ਕਾਰਜ ਹੁਇ ਬੰਧਨ ਤੁਟੈਂ ਸ੍ਰੀ ਮੁਖ ਗੁਰੂ ਪ੍ਰਤਾਪ॥ ੩੮॥**

ਜੇ ਗੁਰਮੰਤਰ ਦਾ ਹੋਮ ਕਰੇ ਤਾਂ ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਕਾਰਜ ਰਾਸ ਹੋ ਜਾਂਦਾ ਹੈ ਤੇ ਸਤਿਗੁਰੂ ਜੀ ਦੇ ਪ੍ਰਤਾਪ ਨਾਲ ਸਾਰੇ ਬੰਧਨ ਟੁੱਟ ਜਾਂਦੇ ਹਨ॥੩੮॥

**ਬ੍ਰਹਮਣ ਵਿਦਿਆ ਯੁਤ ਪਢੈ ਏਕ ਭਾਗ ਦੁਇ ਮੂੜ।**
**ਛਤ੍ਰੀ ਤ੍ਰੈ, ਸ਼ੂਦ੍ਰੰ ਚਤਰ, ਸਾਢੇ ਤ੍ਰੈ ਵਿਸ਼ ਗੂੜ॥ ੩੯॥**

ਵਿਦਵਾਨ ਬ੍ਰਾਹਮਣ ਤਾਂ ਜਿੰਨਾ ਕਿਹਾ ਹੈ ਉਨਾ ਹੀ ਪੜ੍ਹੇ ਭਾਵ ਪੰਜਾਂ ਅੱਖਰਾਂ ਨੂੰ ਪੰਜ ਹਜ਼ਾਰ ਵਾਰ ਪੜ੍ਹੇ, ਅਨਪੜ੍ਹ ਬ੍ਰਾਹਮਣ ਇਸ ਤੋਂ ਦੂਣਾ ਪੜ੍ਹੇ, ਖੱਤਰੀ ਇਸ ਨਾਲੋਂ ਤਿੰਨ ਗੁਣਾਂ ਪੜ੍ਹੇ, ਵੈਸ਼ ਤੇ ਗੂੜ੍ਹ ਸਾਵੇ ਤਿੰਨ ਗੁਣਾਂ ਤੇ ਸ਼ੂਦਰ ਚਾਰ ਗੁਣਾਂ ਪੜ੍ਹੇ॥੩੯॥

*ਨੋਟ : ਗੂੜ੍ਹ ਤੋਂ ਭਾਵ ਹੈ ਗੁੱਝੇ ਜਨਮ ਵਾਲਾ ਜੋ ਅਨਿਸ਼ਚਿਤ ਪਿਤਾ ਤੋਂ ਤੁਰੀ ਜਾਤ ਦੇ ਲੋਕ ਹਨ।*

**ਗਜਾਨੀ, ਧਜਾਨੀ, ਜੋਗਧਰਿ, ਕਰਮੀ, ਸੁੱਕ੍ਰਿਤ ਮੱਧ।**
**ਉਤਨਾ ਹੀ ਲਿਖਿਆ ਸਹੀ ਜੇ ਗੁਰ ਸ਼ਰਧਾ ਸਿੱਧ॥ ੪੦॥**

ਗਿਆਨੀ, ਧਿਆਨੀ, ਜੋਗੀ, ਕਰਮੀ, ਸ਼ੁਭ ਕਰਮੀ ਅਤੇ ਉਸ ਸਿੱਖ ਲਈ ਜਿਸ ਦੀ ਸ਼ਰਧਾ ਗੁਰੂ ਵਿਚ ਹੈ, ਓਨਾ ਹੀ ਸਹੀ ਹੈ, ਜਿੰਨਾ ਲਿਖਿਆ ਹੈ॥੪੦॥

**ਗੁਰ ਪ੍ਰਸਾਦਿ ਲਗ ਮੁਕਤਿ ਮਯ, ਪੰਚ ਗਜਾਨ ਕੇ ਜੋਗ।**
**ਹਿਰਦੇ ਸ਼ੋਧਨ ਸੰਗ੍ਰਹ ਮੈਂ ਪੱਚੀ ਲਗਿ ਸੰਜੋਗ॥ ੪੧॥**

ਗੁਰ ਪ੍ਰਸਾਦਿ ਤੱਕ ਮੰਤਰ ਮੁਕਤੀ ਦਾਤਾ ਹੈ, ਪੰਜ ਅੱਖਰਾ '੧ਓ ਸਤਿਨਾਮੁ' ਗਿਆਨ ਦੇਣ ਯੋਗ ਹੈ। ਹਿਰਦੇ ਦੀ ਸ਼ੁੱਧੀ ਤੇ ਸ਼ੁਭ ਗੁਣਾਂ ਦੇ ਸੰਗ੍ਰਹਿਣ ਵਿਚ ਪੰਝੀ ਅੱਖਰਾਂ ਤਕ ਦੇ ਪਾਠ ਦਾ ਸੰਬੰਧ ਹੈ, ਇਨ੍ਹਾਂ ਪੰਝੀ ਅੱਖਰਾਂ ਦਾ ਜਾਪ ਕਰੇ॥੪੧॥

**ਪ੍ਰਥਮ ਮਾਰਜਨ ਹੋਮ ਬਿਧਿ ਲਿਖਿ ਕਰਿ ਸਭਿ ਸਮੁਝਾਇ।**
**ਮਹਾਂ ਮਹਾਤਮ ਮੰਤ੍ਰ ਇਹ ਚਾਰ ਪਦਾਰਥ ਦਾਇ॥ ੪੨॥**

ਪਹਿਲਾਂ ਹੋਮ ਦੀ ਵਿਧੀ ਕਰਕੇ ਫਿਰ ਜਲ ਉੱਤੇ ਮੰਤਰ ਉਚਾਰਨ ਕਰਕੇ ਅੰਗਾਂ ਨੂੰ ਉਸ ਨਾਲ ਪਵਿੱਤਰ ਕਰਨਾ ਹੈ, ਇਹ ਲਿਖ ਕੇ ਸਭ ਨੂੰ ਸਮਝਾਉਂਦੇ ਹਾਂ, ਇਨ੍ਹਾਂ ਮੰਤਰਾਂ ਦਾ ਮਹਾਨ ਮਹਾਤਮ ਹੈ, ਇਹ ਚਾਰ ਪਦਾਰਥ ਦਿਵਾਉਂਦੇ ਹਨ॥੪੨॥

ਓਅੰਕਾਰਾਯ ਨਮਹ॥ ੧॥ ਸਤਜਾਯ ਨਮਹ॥ ੨॥ ਤਗਜਾਯ ਨਮਹ॥ ੩॥ ਨਾਰਾਇਣਾਯ ਨਮਹ॥ ੪॥ ਮਖਜਾਯ ਨਮਹ॥ ੫॥ ਕਰਤ੍ਰੇ ਨਮਹ॥ ੬॥ ਰਖਤ੍ਰੇ ਨਮਹ॥ ੭॥ ਤਾਰਕਾਯ ਨਮਹ॥ ੮॥ ਪੁਰਖੋਤਮਾਯ ਨਮਹ॥ ੯॥ ਰੁਕਮਾ ਕਰਤ੍ਰੋ ਨਮਹ ॥੧੦॥ਖਾਤਮਨੇ ਨਮਹ॥੧੧॥ਨਿਰੰਜਨਾਯ ਨਮਹ॥੧੨ ਰਥਾਂਗਾਤਮਨੇ ਨਮਹ॥੧੩॥ਭਵਾਂਤਕਾਯ ਨਮਹ॥੧੪॥ਉੱਤਮ ਯਸਸੇ ਨਮਹ॥੧੫॥ਨਿੱਤ ਰਪਾਯ ਨਮਹ॥੧੬॥ਰਜਾਤਮਨੇ ਨਮਹ॥੧੭॥ਬੈਕੁੰਠਾਯ ਨਮਹ॥੧੮॥ਰਮਾਯ ਨਮਹ॥੧੯॥ਅਖਰਾਯ ਨਮਹ॥੨੦॥ਕਾਲਾਯ ਨਮਹ॥੨੧॥ਲਖਮੀ ਪਤਿਯਾਯ ਨਮਹ॥ ੨੨॥ ਮੂਰਤਿ ਧਰਾਯ ਨਮਹ॥ ੨੩॥ ਰਮਾਪਤੀਯੇ ਨਮਹ॥ ੨੪॥ ਤ੍ਰਿਲੋਕੇਸ਼ਾਯ ਨਮਹ॥੨੫॥ਅਖਜਾਯ ਨਮਹ॥੨੬॥ਜਗੀਦਸ਼ਾਯ ਨਮਹ॥੨੭॥ ਨਿਰਾਕਾਰਾਯ ਨਮਹ॥੨੮॥ਸਦਮੇਸਾਯ ਨਮਹ॥੨੯॥ਇਕਾਰ ਵਾਗ ਵਾਇਨੇ ਨਮਹ॥੩੦॥ਭੰਜਨਾਯ ਨਮਹ॥੩੧॥ਉਕਾਰਾਯ ਨਮਹ॥੩੨॥ਸ੍ਵਾਹਾ ਪ੍ਰਾਣ ਹੁਤੋ ਜਪੁਇਤਿ। ਸਿੱਖ ਸੁਖਾਯ ਨਮਹ॥੩੩॥

ਓਅੰਕਾਰ ਨੂੰ ਨਮਸਕਾਰ, ਸਤਿਨਾਮ ਨੂੰ ਨਮਸਕਾਰ, ਤੱਤ ਗਿਆਤਾ ਨੂੰ ਨਮਸਕਾਰ, ਨਾਰਾਇਣ ਨੂੰ ਨਮਸਕਾਰ, ਯੱਗ ਰੂਪ ਨੂੰ ਨਮਸਕਾਰ, ਕਰਤਾ ਨੂੰ ਨਮਸਕਾਰ, ਰੱਖਿਆ ਕਰਨ ਵਾਲੇ ਨੂੰ ਨਮਸਕਾਰ, ਤਾਰਨਹਾਰ ਨੂੰ ਨਮਸਕਾਰ, ਉੱਤਮ ਪੁਰਖ ਨੂੰ ਨਮਸਕਾਰ, ਉੱਜਲਤਾ ਕਰਨਹਾਰ ਨੂੰ ਨਮਸਕਾਰ, ਆਕਾਸ਼ ਰੂਪ ਨੂੰ ਨਮਸਕਾਰ, ਨਿਰਾਕਾਰ ਨੂੰ ਨਮਸਕਾਰ, ਸਰੀਰ ਰੂਪੀ ਰੱਥ ਵਿਚ ਆਤਮਾ ਰੂਪ ਕਰਕੇ ਬਿਰਾਜਮਾਨ ਨੂੰ ਨਮਸਕਾਰ, ਸੰਸਾਰ ਦੇ ਅੰਤ ਕਰਨ ਵਾਲੇ ਨੂੰ ਨਮਸਕਾਰ, ਉੱਤਮ ਜੱਸ ਵਾਲੇ ਨੂੰ ਨਮਸਕਾਰ, ਨਿਤ ਰਮ ਰਹੇ ਨੂੰ ਨਮਸਕਾਰ, ਤੇਜ਼ ਰੂਪ ਨੂੰ ਨਮਸਕਾਰ, ਵੈਕੁੰਠ ਵਾਲੇ ਨੂੰ ਨਮਸਕਾਰ, ਸਰਬ ਵਿਆਪਕ ਨੂੰ ਨਮਸਕਾਰ, ਨਾਸ਼ ਰਹਿਤ ਨੂੰ ਨਮਸਕਾਰ, ਕਾਲ ਰੂਪ ਨੂੰ ਨਮਸਕਾਰ, ਮਾਇਆ ਦੇ ਸਵਾਮੀ ਨੂੰ

ਨਮਸਕਾਰ, ਮੂਰਤਧਾਰੀ ਨੂੰ ਨਮਸਕਾਰ, ਲਛਮੀ ਦੇ ਪਤੀ ਨੂੰ ਨਮਸਕਾਰ, ਤ੍ਰਿਲੋਕੀ ਦੇ ਨਾਥ ਨੂੰ ਨਮਸਕਾਰ, ਨਾਸ਼ ਰਹਿਤ ਨੂੰ ਨਮਸਕਾਰ, ਜਗਤ ਦੇ ਈਸ਼ ਨੂੰ ਨਮਸਕਾਰ, ਨਿਰਾਕਾਰ ਨੂੰ ਨਮਸਕਾਰ, ਨਿੱਤ ਈਸ਼ਵਰ ਨੂੰ ਨਮਸਕਾਰ, ਇਕ ਵਾਕ ਦੇ ਉਚਾਰਨ ਵਾਲੇ ਨੂੰ ਨਮਸਕਾਰ, ਨਾਸ਼ ਕਰਤਾ ਨੂੰ ਨਮਸਕਾਰ, ਓਅੰਕਾਰ ਰੂਪ ਨੂੰ ਨਮਸਕਾਰ, ਹਰ ਪਦ ਦੇ ਉਚਾਰਨ ਤੋਂ ਅਹੂਤੀ ਦੇਣ ਵਾਲੇ ਨੂੰ ਨਮਸਕਾਰ, ਸਿੱਖਾਂ ਨੂੰ ਸੁਖ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ॥੩੩॥

ਦੋਹਰਾ- ਅੱਖਰ ਛੱਤੀਸ ਪੰਚ ਪੁਨ ਪੱਚੀ ਤੱਤ ਸੁਜਾਨ।
ਗੁਰ ਪ੍ਰਸਾਦਿ ਪਢਿ ਅੰਗੂ ਤ੍ਰੈ ਲਖਹੁ ਸਿੱਖ ਬੁਧਿਵਾਨ॥ ੪੩॥

ਹੇ ਸੁਜਾਨ! ਸਿਧਾਂਤ ਦੀ ਗੱਲ ਇਹ ਹੈ ਕਿ ਪੰਜ, ਪੰਝੀ ਤੇ ਛੱਤੀ ਅੱਖਰਾਂ ਦੇ ਜੋ ਮੰਤਰ ਹਨ, ਇਨ੍ਹਾਂ ਤਿੰਨਾਂ ਦੇ ਅੰਗ ਗੁਰਪ੍ਰਸਾਦਿ ਪੜ੍ਹੋ, ਹੇ ਬੁਧੀਵਾਨ ਸਿੱਖੋ ਇਸ ਨੂੰ ਸਮਝੋ॥੪੩॥

ਅਰੁ ਲਿਖਿਬੇ ਮੈਂ ਬਰਨ ਅਠ, ਪਾਂਚ ਪ੍ਰਾਣ ਕੇ ਮਾਂਝ।
ਪੱਚੀਸਭਿ ਵਿਵਹਾਰ ਮੇਂ ਛੱਤੀਸ ਲਖਿ ਗੁਨ ਸਾਂਝ॥ ੪੪॥

ਅਤੇ ਲਿਖਣ ਵਿਚ ਅਠ ਅੱਖਰ ਲਿਖੋ ਭਾਵ ਚਿੱਠੀ ਪੋਥੀ ਦੇ ਆਰੰਭ ਵਿਚ '੧ੴ ਸਤਿਗੁਰ ਪ੍ਰਸਾਦਿ' ਲਿਖੋ, ਪੰਜ ਜਪਣ ਲਈ ਪ੍ਰਾਣਾਂ ਵਿਚ ਪੰਜ ਅੱਖਰਾ ਨਾਮ ਧਾਰਨ ਕਰੋ, '੧ੴ ਸਤਿਨਾਮ' ਹੋਰ ਸਾਰੇ ਵਿਹਾਰਾਂ ਵਿਚ ਪੰਝੀ ਅੱਖਰਾਂ ਦੇ ਸਭ ਗੁਣਾਂ ਦੇ ਧਾਰਨ ਲਈ ਛੱਤੀ ਅੱਖਰੇ ਮੰਤਰ ਦਾ ਜਾਪ ਕਰੋ॥੪੪॥

ਛੱਤੀਸ ਲਾਖ ਆਹੂਤਿ ਦੇ ਮੁਕਤਿ ਹੋਇ ਤਤਕਾਲ।
ਜਪ ਤੇ ਆਤਮ ਸ਼ੁੱਧ ਹੁਇ ਮਾਰਜਨ ਦੂਖਨ ਟਾਲ॥ ੪੫॥

ਮੁਕਤੀ ਵਾਸਤੇ ਇਸ ਦੀਆਂ ਛੱਤੀ ਲੱਖ ਅਹੂਤੀਆਂ ਦੇਵੋ, ਤੁਰਤ ਮੁਕਤੀ ਪ੍ਰਾਪਤ ਹੋਵੇਗੀ। ਜਾਪ ਨਾਲ ਆਤਮਾ ਸ਼ੁੱਧ ਹੋਵੇਗੀ ਤੇ ਜੇ ਪਾਣੀ ਉੱਤੇ ਮੰਤਰ ਮਾਰ ਕੇ ਛਿੜਕੇ ਤਾਂ ਦੂਖਣ ਟਲਣਗੇ॥੪੫॥

ਪ੍ਰਥਮ ਸਲੋਕ ਜਪੁ ਕੋ ਭਲੋ ਤਿਸ ਕੀ ਬਿਧਿ ਕਹਿ ਦੀਨ।
ਆਗੈ ਸਭਿ ਪੌੜੀਨ ਕੋ ਕਹੈਂ ਸੁ ਸੁਨਹੁ ਪ੍ਰਬੀਨ॥ ੪੬॥

ਜਪੁਜੀ ਸਾਹਿਬ ਦੇ ਪਹਿਲੇ ਸਲੋਕ ਦੀਆਂ ਸਭ ਵਿਧੀਆਂ ਕਹਿ ਦਿੱਤੀਆਂ ਹਨ, ਅੱਗੇ ਸਭ ਪੌੜੀਆਂ ਬਾਰੇ ਮਹਾਤਮ ਕਹਿੰਦੇ ਹਾਂ ਹੇ ਚਤੁਰ ਸਿੱਖੋ! ਸੁਣੋ॥੪੬॥

*ਪੰਝਵੀਂ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥*

# ਅਧਿਆਇ ਅਠਾਈਵਾਂ

*ਜਪੁਜੀ ਮਹਾਤਮ*

ਦੋਹਰਾ- ਸ੍ਰੀ ਜਪੁਜੀ ਪੌੜੀ ਪ੍ਰਥਮ ਕਰਹਿ ਕਾਮਨਾ ਪੂਰ।
ਪਾਠਕ ਸਭਿ ਸੁਖ ਪਾਇਕੈ ਬਿਘਨ ਬਿਨਾਸੈ ਕੂਰ॥ ੧॥